# ਜਸਟਿਸਿਸ ਆਫ਼ ਦਿ ਪੀਸ

ਅਸੀਂ ਦੇ ਰਹੇ ਹਾਂ ਮੁਫ਼ਤ ਕਮਿਊਨਿਟੀ ਸਰਵਿਸ

**ਜਸਟਿਸਿਸ ਆਫ਼ ਦਿ ਪੀਸ:**

- ਦਸਤਾਵੇਜ਼ਾਂ ਦੀਆਂ ਫੋਟੋ ਕਾਪੀਆਂ ਦੀ ਤਸਦੀਕ ਕਰਦਾ ਹੈ। ਜਿਨ੍ਹਾਂ ਵਿੱਚ ਮੋਬਾਇਲ ਮੈਸੇਜ ਅਤੇ ਕੰਪਿਊਟਰ ਡਿਸਪਲੇ ਵੀ ਸ਼ਾਮਲ ਹਨ।
- ਦਸਤਾਵੇਜ਼ਾਂ ਲਈ ਚਸ਼ਮਦੀਦ ਵਜੋਂ ਹਸਤਾਖਰ ਕਰਦਾ ਹੈ।
- ਸਹੁੰ ਚੁੱਕਣ, ਐਲਾਨਨਾਮਿਆਂ ਅਤੇ ਐਫੀਡੇਵਿਟਾਂ ਦੇ ਪ੍ਰਬੰਧ ਕਰਦਾ ਹੈ।
- ਪਹਿਚਾਣ ਸਬੰਧੀ ਤਸਦੀਕ ਕਰਦਾ ਹੈ।

ਸਿਖਲਾਈ ਦੇ ਨਾਲ਼ ਜਸਟਿਸਿਸ ਜ਼ਿਲ੍ਹਾ ਅਦਾਲਤਾਂ ਅਤੇ ਵਾਰੰਟ ਜਾਰੀ ਕਰਨ ਵਿੱਚ ਵੀ ਪ੍ਰਧਾਨਗੀ ਕਰਦਾ ਹੈ।

**ਜਸਟਿਸ ਆਫ਼ ਦਿ ਪੀਸ ਦੀ ਭਾਲ਼ ਕਿਵੇਂ ਕਰੀਏ:**

ਜਸਟਿਸਿਸ ਧੁਰ ਨੌਰਥ ਤੋਂ ਲੈ ਕੇ ਸਟੇਵਰਟ ਅਤੇ ਕੈਥਮ ਮਹਾਂਦੀਪ ਤੱਕ ਪੂਰੇ ਨਿਊਜ਼ੀਲੈਂਡ ਵਿੱਚ ਮੌਜੂਦ ਹਨ। ਆਪਣੇ ਨੇੜਲੇ ਜਸਟਿਸਿਸ ਨੂੰ ਭਾਲ਼ਣ ਲਈ:

- justiceofthepeace.org.nz ’ਤੇ ਜਾਓ ਅਤੇ “Find a JP” ਨੂੰ ਸਿਲੈਕਟ ਕਰੋ। ਆਪਣਾ ਸ਼ਹਿਰ, ਸਬਅਰਬ, ਪੋਸਟਕੋਡ ਤੇ ਨਾਂ ਭਰ ਕੇ ਸਰਚ ਕਰੋ। ਤੁਸੀਂ ਆਪਣੇ ਇਲਾਕੇ ਵਿੱਚ ਮੌਜੂਦ ‘ਸਰਵਿਸ ਡੈਸਕ’ ਦੀ ਵੀ ਭਾਲ਼ ਕਰ ਸਕਦੇ ਹੋ, ਜਿੱਥੇ ਸਿਟਿਜਨ ਅਡਵਾਈਸ ਬਿਊਰੋ, ਸ਼ਾਪਿੰਗ ਮਾਲ, ਲਾਈਬ੍ਰੇਰੀਆਂ ਅਤੇ ਜ਼ਿਲ੍ਹਾ ਅਦਾਲਤਾਂ ਵਰਗੀਆਂ ਵੱਖ-ਵੱਖ ਥਾਵਾਂ ’ਤੇ ਜਸਟਿਸਿਸ ਆਫ਼ ਪੀਸ ਲੋਕਾਂ ਲਈ ਉਪਲੱਬਧ ਹਨ। (ਮਿਲ਼ਣ ਲਈ ਅਪਾਇੰਟਮੈਂਟ ਜ਼ਰੂਰੀ ਨਹੀਂ ਹੈ)
- ਯੈਲੋ ਪੇਜਿਸ ਵਿੱਚ ‘ਜਸਟਿਸ ਆਫ਼ ਦਿ ਪੀਸ’ ਨਾਂ ਹੇਠ ਲੱਭੋ। ਤੁਹਾਡੀ ਸਹੂਲਤ ਲਈ ਇਹ ਲਿਸਟ ਇਲਾਕੇ ਦੇ ਅਧਾਰ ’ਤੇ ਵਰਗੀਕ੍ਰਿਤ ਕੀਤੀ ਗਈ ਹੈ। ਇਹ ਜਾਣਕਾਰੀ yellow.co.nz ’ਤੇ ਵੀ ਉਪਲੱਬਧ ਹੈ।